# ਅੱਤਵਾਦ ਅਤੇ ਸੰਗਠਿਤ ਅਪਰਾਧ ਦਾ ਸਾਹਮਣਾ ਕਰਨ ਬਾਰੇ ਭਾਰਤ-ਇਟਲੀ ਸੰਯੁਕਤ ਕਾਰਜ ਸਮੂਹ ਦੀ 5ਵੀਂ ਬੈਠਕ

17 ਜਨਵਰੀ, 2025

ਅੱਤਵਾਦ ਅਤੇ ਸੰਗਠਿਤ ਅਪਰਾਧ ਦਾ ਸਾਹਮਣਾ ਕਰਨ ਸਬੰਧੀ ਭਾਰਤ-ਇਟਲੀ ਸੰਯੁਕਤ ਕਾਰਜ ਸਮੂਹ (JWG) ਦੀ 5ਵੀਂ ਬੈਠਕ 16 ਤੋਂ 17 ਜਨਵਰੀ, 2025 ਨੂੰ ਰੋਮ, ਇਟਲੀ ਵਿੱਚ ਆਯੋਜਿਤ ਕੀਤੀ ਗਈ।

2. ਬੈਠਕ ਦੀ ਸਹਿ-ਪ੍ਰਧਾਨਗੀ ਭਾਰਤੀ ਪੱਖ ਵਲੋਂ, ਵਿਦੇਸ਼ ਮੰਤਰਾਲੇ ਵਿੱਚ ਅੱਤਵਾਦ ਵਿਰੋਧੀ ਸੰਯੁਕਤ ਸਕੱਤਰ, ਸ਼੍ਰੀ ਕੇ.ਡੀ. ਦੇਵਲ, ਅਤੇ ਇਟਲੀ ਪੱਖ ਵਲੋਂ, ਰਜਨੀਤਿਕ ਮਾਮਲਿਆਂ ਦੇ ਸੀਨੀਅਰ ਡਿਪਟੀ ਡਾਇਰੈਕਟਰ ਅਤੇ ਇਟਲੀ ਵਿਦੇਸ਼ ਮੰਤਰਾਲੇ ਵਿੱਚ ਸੁਰੱਖਿਆ ਲਈ ਡਾਇਰੈਕਟਰ ਸ਼੍ਰੀ ਅਲੇਸੈਂਡਰੋ ਅਜ਼ੋਨੀ ਨੇ ਕੀਤੀ ਸੀ।

3. ਦੋਵਾਂ ਧਿਰਾਂ ਨੇ ਉੱਭਰ ਰਹੇ ਘਰੇਲੂ, ਖੇਤਰੀ ਅਤੇ ਅੰਤਰਰਾਸ਼ਟਰੀ ਅੱਤਵਾਦੀ ਖ਼ਤਰਿਆਂ ਬਾਰੇ ਚਰਚਾ ਕੀਤੀ ਅਤੇ ਅੱਤਵਾਦ ਅਤੇ ਅੰਤਰ-ਰਾਸ਼ਟਰੀ ਸੰਗਠਿਤ ਅਪਰਾਧ ਦੇ ਵਿਰੁੱਧ ਸਹਿਯੋਗ ਦੇ ਵਿਆਪਕ ਖੇਤਰਾਂ ਬਾਰੇ ਵਿਚਾਰ ਵਟਾਂਦਰਾ ਕੀਤਾ।

4. ਅੱਤਵਾਦੀ ਉਦੇਸ਼ਾਂ ਲਈ ਤਕਨਾਲੋਜੀ ਦੀ ਦੁਰਵਰਤੋਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਮੁਕਾਬਲਾ ਕਰਨ ਲਈ ਸਹਿਯੋਗ ਵਧਾਉਣ ਦੀ ਲੋੜ ਨੂੰ ਸਵੀਕਾਰਦੇ ਹੋਏ, ਦੋਵਾਂ ਧਿਰਾਂ ਨੇ ਇਸ ਖ਼ਤਰੇ ਨੂੰ ਰੋਕਣ ਅਤੇ ਘਟਾਉਣ ਬਾਰੇ ਆਪਣੇ ਤਜ਼ਰਬੇ ਸਾਂਝੇ ਕੀਤੇ। ਉਨ੍ਹਾਂ ਨੇ ਅੱਤਵਾਦੀ ਕਾਰਵਾਈਆਂ ਲਈ ਜ਼ਿੰਮੇਵਾਰ ਲੋਕਾਂ 'ਤੇ ਪ੍ਰਭਾਵਸ਼ਾਲੀ ਮੁਕੱਦਮਾ ਚਲਾਉਣ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ।

5. ਦੋਵਾਂ ਰਣਨੀਤਿਕ ਭਾਈਵਾਲ ਦੇਸ਼ਾਂ ਵਿਚਕਾਰ ਹੋਈ ਇਸ ਵਾਰਤਾ ਨੇ UN, GCTF ਅਤੇ FATF ਸਮੇਤ ਬਹੁ-ਪੱਖੀ ਮੰਚਾਂ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਵਚਨਬੱਧਤਾ ਦੀ ਮੁੜ ਪੁਸ਼ਟੀ ਕੀਤੀ। ਦੋਹਾਂ ਧਿਰਾਂ ਨੇ ਵੱਖੋ-ਵੱਖਰੇ ਦੁਵੱਲੇ ਸਮਝੌਤਿਆਂ 'ਤੇ ਚੱਲ ਰਹੀ ਗੱਲਬਾਤ ਨੂੰ ਅੱਗੇ ਵਧਾਉਣ ਦੇ ਤਰੀਕਿਆਂ ਅਤੇ ਸਾਧਨਾਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ।

6. ਭਾਰਤ ਵਫ਼ਦ ਨੇ ਇਟਲੀ ਦੇ ਕੈਜ਼ਰਤਾ ਵਿੱਚ ਅੰਤਰ-ਏਜੰਸੀ ਕਾਨੂੰਨ ਲਾਗੂ ਕਰਨ ਵਾਲੀ ਅਕੈਡਮੀ ਦਾ ਦੌਰਾ ਕੀਤਾ ਅਤੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਅਕੈਡਮੀ ਅਤੇ ਭਾਰਤ ਵਿੱਚ ਸਮਾਨ ਔਹਦੇ ਦੇ ਸੰਗਠਨ ਵਿਚਕਾਰ ਸਮਰੱਥਾ ਨਿਰਮਾਣ ਦੇ ਉਪਾਵਾਂ ਨੂੰ ਮਜ਼ਬੂਤ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ।

7. ਦੋਵੇਂ ਧਿਰ ਸੰਯੁਕਤ ਕਾਰਜ ਸਮੂਹ ਦੀ ਅਗਲੀ ਬੈਠਕ ਆਪਸੀ ਸੁਵਿਧਾਜਨਕ ਮਿਤੀ 'ਤੇ ਦਿੱਲੀ ਵਿੱਚ ਕਰਨ ਲਈ ਸਹਿਮਤ ਹੋਏ।

ਨਵੀਂ ਦਿੱਲੀ

17 ਜਨਵਰੀ, 2025